# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਸਿਰਜਣਾ ਦੇ ਆਰ ਪਾਰ ਪ੍ਰੋਗਰਾਮ 'ਚ ਨਾਮਵਰ ਨਾਟਕਕਾਰ ਕੇਵਲ ਧਾਲੀਵਾਲ ਨਾਲ ਰੂਬਰੂ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 27 ਫਰਵਰੀ : ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਮਹੀਨਾਵਾਰ ਪ੍ਰੋਗਰਾਮ "ਸਿਰਜਨਾ ਦੇ ਆਰ ਪਾਰ" ਕਰਵਾਇਆ ਗਿਆ। ਪ੍ਰੋਗਰਾਮ ਫਾਊਂਡਰ ਅਤੇ ਪ੍ਰਬੰਧਕ ਰਮਿੰਦਰ ਰੰਮੀ ਦੀ ਅਗਵਾਈ ਹੇਠ ਕਰਵਾਏ ਗਏ ਇਸ ਸਮਾਗਮ ਵਿੱਚ ਪੰਜਾਬੀ ਰੰਗਮੰਚ ਦੇ ਸਿਰਮੌਰ ਨਾਟਕਕਾਰ ਅਤੇ ਨਿਰਦੇਸ਼ਕ ਕੇਵਲ ਧਾਲੀਵਾਲ ਨਾਲ ਵਿਸ਼ੇਸ਼ ਰੂਬਰੂ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਰੰਗਮੰਚੀ ਹਸਤੀ ਦਲਬੀਰ ਸੋਨਾ ਵੱਲੋਂ ਕੀਤੀ ਗਈ, ਜਿਨ੍ਹਾਂ ਨੇ ਕੇਵਲ ਧਾਲੀਵਾਲ ਦੇ ਜੀਵਨ, ਨਾਟਕ ਸਫ਼ਰ ਅਤੇ ਮਾਰਗਦਰਸ਼ਕ ਸ਼ਖ਼ਸੀਅਤ ਬਾਰੇ ਭਾਵਪੂਰਤ ਵਿਚਾਰ ਸਾਂਝੇ ਕੀਤੇ। ਸੰਸਥਾ ਦੀ ਸੀਨੀਅਰ ਮੀਤ ਪ੍ਰਧਾਨ ਅਤੇ ਮਾਡਰੇਟਰ ਪ੍ਰੋ. ਕੁਲਜੀਤ ਕੌਰ ਨੇ ਬੜੇ ਹੀ ਦਿਲਚਸਪ ਅਤੇ ਸੰਵਾਦਾਤਮਕ ਅੰਦਾਜ਼ ਵਿੱਚ ਕੇਵਲ ਧਾਲੀਵਾਲ ਦੀ ਜੀਵਨ ਯਾਤਰਾ, ਸੰਘਰਸ਼ ਅਤੇ ਰੰਗਮੰਚੀ ਪ੍ਰਾਪਤੀਆਂ 'ਤੇ ਵਿਸਥਾਰ ਨਾਲ ਗੱਲਬਾਤ ਕੀਤੀ।

ਇਸ ਦੌਰਾਨ ਕੇਵਲ ਧਾਲੀਵਾਲ ਨੇ ਆਪਣੇ ਪਰਿਵਾਰਕ ਪਿਛੋਕੜ ਅਤੇ ਪਤਨੀ ਅਰਵਿੰਦਰ ਕੌਰ ਧਾਲੀਵਾਲ ਦੇ ਵੱਡਮੁੱਲੇ ਸਹਿਯੋਗ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਰੰਗਮੰਚ ਉਨ੍ਹਾਂ ਦੇ ਸਾਹਾਂ ਵਿੱਚ ਵਸਿਆ ਹੋਇਆ ਹੈ। ਉਨ੍ਹਾਂ ਨੇ ਆਪਣੇ ਅਮੀਰ ਤਜ਼ਰਬੇ ਸਾਂਝੇ ਕਰਦਿਆਂ ਦੱਸਿਆ ਕਿ ਉਹ ਹੁਣ ਤੱਕ 250 ਤੋਂ ਵੱਧ ਨਾਟਕਾਂ ਦਾ ਨਿਰਦੇਸ਼ਨ, 150 ਤੋਂ ਵੱਧ ਵਿੱਚ ਅਭਿਨਯ ਅਤੇ 6000 ਤੋਂ ਵੱਧ ਸਟੇਜ ਪ੍ਰਦਰਸ਼ਨਾਂ ਦਾ ਕੀਰਤੀਮਾਨ ਸਥਾਪਿਤ ਕਰ ਚੁੱਕੇ ਹਨ। ਇਸ ਦੇ ਨਾਲ ਹੀ 25 ਲਾਈਟ ਐਂਡ ਸਾਊਂਡ ਸ਼ੋਅ ਅਤੇ ਅਨੇਕਾਂ ਸਟੇਜ ਡਿਜ਼ਾਈਨਾਂ ਰਾਹੀਂ ਉਨ੍ਹਾਂ ਨੇ ਪੰਜਾਬੀ ਰੰਗਮੰਚ ਨੂੰ ਵਿਸ਼ਵ ਪੱਧਰ 'ਤੇ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ।

ਸੰਸਥਾ ਦੀ ਚੇਅਰਪਰਸਨ ਡਾ. ਸਰਬਜੀਤ ਕੌਰ ਸੋਹਲ ਨੇ ਕੇਵਲ ਧਾਲੀਵਾਲ ਦੇ ਯੋਗਦਾਨ ਨੂੰ ਇਤਿਹਾਸਕ ਕਰਾਰ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਨਾਟਕ ਸਮਾਜਿਕ ਸਰੋਕਾਰਾਂ ਅਤੇ ਅਗਾਂਹਵਧੂ ਵਿਚਾਰਾਂ ਦਾ ਪ੍ਰਤੀਕ ਹਨ। ਇਸ ਮੌਕੇ ਕੈਨੇਡੀਅਨ ਪੰਜਾਬੀ ਸਭਾ ਦੇ ਮਲੂਕ ਸਿੰਘ ਕਾਹਲੋਂ, ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਪ੍ਰਧਾਨ ਦਲਬੀਰ ਸਿੰਘ ਕਥੂਰੀਆ ਅਤੇ ਸਿਫ਼ਰ ਸਤਬੀਰ ਨੇ ਵੀ ਕੇਵਲ ਧਾਲੀਵਾਲ ਦੀ ਸ਼ਖ਼ਸੀਅਤ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਸੰਸਥਾ ਦੇ ਚੇਅਰਮੈਨ ਸ. ਪਿਆਰਾ ਸਿੰਘ ਕੁੱਦੋਵਾਲ ਨੇ ਪ੍ਰੋਗਰਾਮ ਨੂੰ ਸਮੇਟਦਿਆਂ ਕਿਹਾ ਕਿ ਨਾਟਕੀ ਜ਼ਿੰਮੇਵਾਰੀਆਂ ਨੂੰ ਕੇਵਲ ਧਾਲੀਵਾਲ ਬਹੁਤ ਹੀ ਸੰਜੀਦਗੀ ਨਾਲ ਨਿਭਾ ਰਹੇ ਹਨ ਅਤੇ ਇਹ ਸਮਾਗਮ ਦੇਸ਼-ਵਿਦੇਸ਼ ਦੇ ਦਰਸ਼ਕਾਂ ਲਈ ਬੇਹੱਦ ਲਾਹੇਵੰਦ ਸਾਬਤ ਹੋਇਆ ਹੈ।

ਸਮਾਗਮ ਦੇ ਅਖੀਰ ਵਿੱਚ ਸੰਸਥਾ ਦਾ ਫਰਵਰੀ ਮਹੀਨੇ ਦਾ ਈ-ਮੈਗਜ਼ੀਨ ਵੀ ਰਿਲੀਜ਼ ਕੀਤਾ ਗਿਆ। ਇਸ ਮੌਕੇ ਵਿਜੇਤਾ ਰਾਜ, ਹਰਜੀਤ ਬਮਰਾ, ਗੁਰਚਰਨ ਸਿੰਘ ਜੋਗੀ, ਡਾ. ਜੋਤੀ ਮਾਂਗਟ, ਰਾਜਬੀਰ ਕੌਰ ਗਰੇਵਾਲ, ਸੁਨੀਲ ਚੰਦਿਆਣਵੀ, ਸਤਿੰਦਰ ਸਿੰਘ ਓਛੀ ਅਤੇ ਅਮਰ ਕੌਰ ਬੇਦੀ ਸਮੇਤ ਕਈ ਸਾਹਿਤਕ ਤੇ ਸੱਭਿਆਚਾਰਕ ਹਸਤੀਆਂ ਨੇ ਸ਼ਿਰਕਤ ਕੀਤੀ। ਪ੍ਰਬੰਧਕ ਰਮਿੰਦਰ ਰੰਮੀ ਨੇ ਸਭ ਦਾ ਧੰਨਵਾਦ ਕਰਦਿਆਂ ਭਾਵੁਕ ਲਹਿਜੇ ਵਿੱਚ ਕਿਹਾ, "ਤੁਸੀਂ ਘਰ ਅਸਾਡੇ ਆਏ ਅਸੀਂ ਫੁੱਲੇ ਨਹੀਂ ਸਮਾਏ।"

## 'ਸਾਡੇ ਬਜ਼ੁਰਗ, ਸਾਡਾ ਮਾਣ' ਮੁਹਿੰਮ ਤਹਿਤ ਜ਼ਿਲ੍ਹਾ ਪੱਧਰੀ ਸਮਾਗਮ ਆਯੋਜਿਤ

### ਕੈਬਨਿਟ ਮੰਤਰੀ ਡਾ. ਬਲਜੀਤ ਕੌਰ , ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਕੀਤੀ ਸ਼ਿਰਕਤ

### ਬਜ਼ੁਰਗਾਂ ਦੀ ਸੇਵਾ ਤੇ ਸਨਮਾਨ ਪੰਜਾਬ ਸਰਕਾਰ ਦਾ ਮੁੱਖ ਟੀਚਾ : ਡਾ. ਬਲਜੀਤ ਕੌਰ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 27 ਫਰਵਰੀ : ਪੰਜਾਬ ਸਰਕਾਰ ਵੱਲੋਂ ਬਜ਼ੁਰਗਾਂ ਦੀ ਸੇਵਾ ਤੇ ਸਨਮਾਨ ਲਈ ਸ਼ੁਰੂ ਕੀਤੀ ਗਈ "ਸਾਡੇ ਬਜ਼ੁਰਗ, ਸਾਡਾ ਮਾਣ" ਮੁਹਿੰਮ ਤਹਿਤ ਅੱਜ ਤਾਜ ਪੈਲੇਸ, ਕੋਟਕਪੂਰਾ ਰੋਡ, ਫਰੀਦਕੋਟ ਵਿਖੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲਕ ਵਿਕਾਸ ਵਿਭਾਗ ਵੱਲੋਂ ਜ਼ਿਲ੍ਹਾ ਪੱਧਰੀ ਸਮਾਗਮ ਦਾ ਸਫ਼ਲ ਆਯੋਜਨ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਡਾ. ਬਲਜੀਤ ਕੌਰ ਕੈਬਨਿਟ ਮੰਤਰੀ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਨੇ ਸ਼ਿਰਕਤ ਕੀਤੀ। ਇਸ ਮੌਕੇ ਵਿਧਾਇਕ ਸੇਖੋਂ ਗੁਰਦਿੱਤ ਸਿੰਘ ਸੇਖੋਂ, ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ, ਚੇਅਰਮੈਨ ਇੰਮਪਰੂਵਮੈਂਟ ਟਰੱਸਟ ਗਗਨਦੀਪ ਸਿੰਘ ਧਾਲੀਵਾਲ, ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਸ. ਗੁਰਤੇਜ ਸਿੰਘ ਖੋਸਾ, ਐਸ.ਡੀ.ਐਮ. ਫਰੀਦਕੋਟ ਅਮਨਦੀਪ, ਸਿਵਲ ਸਰਜਨ ਡਾ. ਚੰਦਰ ਸ਼ੇਖਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੂਰੇ ਪੰਜਾਬ ਵਿੱਚ ਬਜੁਰਗਾਂ ਲਈ ਸ਼ੁਰੂ ਕੀਤੀ ਸਾਡਾ ਬਜ਼ੁਰਗ ਸਾਡਾ ਮਾਨ ਮੁਹਿੰਮ ਤਹਿਤ ਅੱਜ ਜਿਲ੍ਹਾ ਫਰੀਦਕੋਟ ਵਿੱਚ ਬਜ਼ੁਰਗਾਂ ਲਈ ਮੁਫ਼ਤ ਮੈਡੀਕਲ ਕੈਂਪ ਲਾਇਆ ਗਿਆ, ਜਿਸ ਵਿੱਚ ਅੱਖਾਂ ਦੇ ਮਾਹਿਰ, ਨੱਕ-ਕੰਨ-ਗਲਾ ਵਿਸ਼ੇਸ਼ਗਿਆਨ, ਹੱਡੀਆਂ ਦੇ ਮਾਹਿਰ, ਚਮੜੀ ਰੋਗ ਵਿਸ਼ੇਸ਼ਗਿਆਨ ਅਤੇ ਜਰਨਲ ਮੈਡੀਸਨ ਦੇ ਡਾਕਟਰਾਂ ਵੱਲੋਂ ਬਜ਼ੁਰਗਾਂ ਦਾ ਮੁਫ਼ਤ ਚੈਕਅੱਪ ਕੀਤਾ ਗਿਆ ਅਤੇ ਮੁਫ਼ਤ ਦਵਾਈਆਂ ਵੀ ਵੰਡੀਆਂ ਗਈਆਂ। ਉਨ੍ਹਾਂ ਦੱਸਿਆ ਕਿ ਨੋਜਵਾਨਾਂ ਅਤੇ ਬਜੁਰਗਾਂ ਵਿੱਚ ਆਪਸੀ ਸਬੰਧ ਮਜ਼ਬੂਰ ਕਰਨ ਵਿੱਚ ਇਹ ਕੈਂਪ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਦੱਸਿਆ ਕਿ ਬਜੁਰਗਾਂ ਨੂੰ ਮਾਣ ਸਨਮਾਨ ਦੇਣ ਲਈ ਪੰਜਾਬ ਸਰਕਾਰ ਵੱਲੋਂ ਇਹ ਉਪਰਾਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਜੁਰਗ ਸਾਡਾ ਸਰਮਾਇਆ ਹਨ। ਉਨ੍ਹਾਂ ਕਿਹਾ ਕਿ ਅੱਜ ਬਜੁਰਗਾਂ ਦੀ ਕੈਂਪ ਲਗਾ ਕੇ ਸਿਹਤ ਜਾਂਚ ਕੀਤੀ ਗਈ ਹੈ ਅਤੇ ਉਨ੍ਹਾਂ ਦੇ ਟੈਸਟ ਅਤੇ ਲੋੜੀਂਦੀਆਂ ਦਵਾਈਆਂ ਮੁਫਤ ਦਿੱਤੀਆਂ ਗਈਆਂ ਹਨ। ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਦੱਸਿਆ ਕਿ ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਅੱਜ ਸਾਡਾ ਬਜੁਰਗ ਸਾਡਾ ਮਾਣ ਮੁਹਿੰਮ ਤਹਿਤ ਜਿਲ੍ਹਾ ਪੱਧਰੀ ਕੈਂਪ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਬਜੁਰਗ ਸਿਰਫ ਘਰ ਦਾ ਹੀ ਨਹੀਂ ਬਲਕਿ ਸਮਾਜ ਦਾ ਵੀ ਮਾਣ ਹਨ। ਉਨ੍ਹਾਂ ਕਿਹਾ ਕਿ ਕੈਂਪ ਲਗਾ ਕੇ ਬਜੁਰਗਾਂ ਦਾ ਮੁਫਤ ਸਿਹਤ ਚੈਕਅੱਪ ਕੀਤਾ ਗਿਆ ਹੈ ਅਤੇ ਲੋੜ ਅਨੁਸਾਰ ਉਨ੍ਹਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ ਹਨ ਅਤੇ ਉਨ੍ਹਾਂ ਦੇ ਟੈਸਟ ਕੀਤੇ ਗਏ ਹਨ। ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਐਸ.ਡੀ.ਐਮ ਦਫਤਰ ਅਤੇ ਡੀ.ਸੀ. ਦਫਤਰਾਂ ਵਿੱਚ ਕਾਊਂਟਰ ਲਗਾ ਕੇ ਸਿਹਤ ਬੀਮਾ ਕਾਰਡ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਸਿਹਤ ਬੀਮਾ ਕਾਰਡ ਬਿਲਕੁਲ ਮੁਫਤ ਵਿੱਚ ਬਣਾਏ ਜਾ ਰਹੇ ਹਨ ਅਤੇ ਜੇਕਰ ਕੋਈ ਕਾਰਡ ਬਣਾਉਣ ਲਈ ਪੈਸਿਆਂ ਦੀ ਮੰਗ ਕਰਦਾ ਹੈ ਤਾਂ ਉਸ ਦੀ ਸ਼ਿਕਾਇਤ ਕੀਤੀ ਜਾਵੇ ਅਤੇ ਉਨ੍ਹਾਂ ਖਿਲਾਫ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਚੇਅਰਮੈਨ ਇੰਮਪਰੂਵਮੈਂਟ ਟਰੱਸਟ ਗਗਨਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਸਾਡਾ ਬਜੁਰਗ ਸਾਡਾ ਮਾਨ ਮੁਹਿੰਮ ਤਹਿਤ ਅੱਜ 1300 ਦੇ ਕਰੀਬ ਬਜੁਰਗਾਂ ਦੀ ਰਜਿਸਟੇਰਸ਼ਨ ਕਰਕੇ ਉਨ੍ਹਾਂ ਦਾ ਚੈੱਕਅੱਪ ਕਰਨ ਤੋਂ ਬਾਅਦ ਉਨ੍ਹਾਂ ਨੂੰ ਮੁਫਤ ਵਿੱਚ ਦਵਾਈਆਂ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਅਤੇ ਸਰਕਾਰੀ ਸਕੀਮਾਂ ਸਬੰਧੀ ਜਾਣੂ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਬਜੁਰਗਾਂ ਲਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਵੀ ਸ਼ੁਰੂ ਕੀਤੀ ਗਈ ਹੈ। ਜਿਸ ਤਹਿਤ ਉਨ੍ਹਾਂ ਨੂੰ ਮੁਫਤ ਵਿੱਚ ਤੀਰਥ ਅਸਥਾਨਾਂ ਦੇ ਦਰਸ਼ਨਾ ਤੋਂ ਇਲਾਵਾ ਰਹਿਣ ਸਹਿਣ ਸਭ ਮੁਫਤ ਵਿੱਚ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬਜੁਰਗਾਂ ਦੇ ਮਾਣ ਸਤਿਕਾਰ ਲਈ ਸਾਰੇ ਇੱਕ ਟੀਮ ਵਜੋਂ ਕੰਮ ਕਰ ਰਹੇ ਹਨ। ਇਸ ਮੌਕੇ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਗੁਰਤੇਜ ਸਿੰਘ ਖੋਸਾ ਨੇ ਦੱਸਿਆ ਕਿ ਅੱਜ ਸਾਡਾ ਬਜੁਰਗ ਸਾਡਾ ਮਾਨ ਮੁਹਿੰਮ ਤਹਿਤ ਕੈਂਪ ਲਾ ਕੇ ਸੀਨੀਅਰ ਸਿਟੀਜ਼ਨ ਨੂੰ ਮਿਲਣ ਵਾਲੀਆਂ ਵੱਖ-ਵੱਖ ਸਰਕਾਰੀ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਮੌਕੇ 'ਤੇ ਹੀ ਪੈਨਸ਼ਨ ਕਾਰਡ, ਸੀਨੀਅਰ ਸਿਟੀਜ਼ਨ ਕਾਰਡ, ਲਾਭਪਾਤਰੀ ਕਾਪੀਆਂ ਅਤੇ ਸਿਹਤ ਬੀਮਾ ਕਾਰਡ ਤਿਆਰ ਕਰਕੇ ਦਿੱਤੇ ਗਏ। ਇਸ ਦੇ ਨਾਲ ਹੀ ਜ਼ਰੂਰਤਮੰਦ ਬਜ਼ੁਰਗ ਅਤੇ ਦਿਵਿਆਂਗ ਵਿਅਕਤੀਆਂ ਨੂੰ 53 ਮੁਫ਼ਤ ਵੀਹਲ ਚੇਅਰਾਂ ਅਤੇ ਟਰਾਈਸਾਈਕਲਾਂ ਦੀ ਵੰਡ ਵੀ ਕੀਤੀ ਗਈ। ਇਸ ਮੌਕੇ ਜਗਦੀਪ ਕੰਬੋਜ ਗੋਲਡੀ ਹਲਕਾ ਵਿਧਾਇਕ ਜਲਾਲਾਬਾਦ, ਡੀ.ਪੀ.ਓ ਮੈਡਮ ਰਤਨਦੀਪ ਕੌਰ, ਜਿਲ੍ਹਾ ਖੇਡ ਅਫਸਰ ਬਲਜਿੰਦਰ ਸਿੰਘ, ਜਿਲ੍ਹਾ ਭਾਸ਼ਾ ਅਫਸਰ ਮਨਜੀਤ ਪੁਰੀ, ਪ੍ਰੋਫੈਸਰ ਸਾਧੂ ਸਿੰਘ, ਰਵੀ ਬੁਗਰਾ, ਜਗਮੋਹਨ ਸਿੰਘ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

## ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਰਿਹਾ ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਦਾ ਕਵੀ ਦਰਬਾਰ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 27 ਫਰਵਰੀ : ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਵੱਲੋਂ ਕਰਵਾਇਆ ਗਿਆ ਮਾਸਿਕ ਕਵੀ ਦਰਬਾਰ ਪੂਰੀ ਤਰ੍ਹਾਂ ਮਾਂ ਬੋਲੀ ਪੰਜਾਬੀ ਦੇ ਰੰਗ ਵਿੱਚ ਰੰਗਿਆ ਗਿਆ। ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਵਿੱਚ ਸਰੀ ਦੇ ਨਾਮਵਰ ਕਵੀਆਂ ਅਤੇ ਬੁੱਧੀਜੀਵੀਆਂ ਨੇ ਹਿੱਸਾ ਲਿਆ।

ਸਮਾਗਮ ਵਿੱਚ ਜ਼ਿਆਦਾਤਰ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਪੰਜਾਬੀ ਭਾਸ਼ਾ ਦੀ ਅਮੀਰੀ ਅਤੇ ਇਸ ਦੀ ਸੰਭਾਲ ਦਾ ਹੋਕਾ ਦਿੱਤਾ। ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦਿਆਂ ਮਨਜੀਤ ਸਿੰਘ ਮੱਲ੍ਹਾ ਨੇ ਪ੍ਰੋਗਰਾਮ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਚਲਾਇਆ। ਇਸ ਮੌਕੇ ਅਵਤਾਰ ਸਿੰਘ ਬਰਾੜ, ਗੁਰਦੇਵ ਸਿੰਘ ਦਰਦੀ, ਇੰਦਰਜੀਤ ਸਿੰਘ ਧਾਮੀ, ਸੁਖਪ੍ਰੀਤ ਸਿੰਘ, ਦਰਸ਼ਨ ਸਿੰਘ ਅਟਵਾਲ, ਦਵਿੰਦਰ ਕੌਰ ਜੋਹਲ, ਬੀਬੀ ਇੰਦਰਜੀਤ ਕੌਰ ਸੰਧੂ, ਪਵਿੱਤਰ ਕੌਰ ਬਰਾੜ, ਕੁਲਵੰਤ ਸਿੰਘ ਸਿਰੋਤਾ, ਸਵਰਨਜੀਤ ਸਿੰਘ ਸੰਧੂ, ਸੰਤੋਖ ਸਿੰਘ, ਗੁਰਮੀਤ ਸਿੰਘ ਕਾਲਕਟ, ਅਮਰੀਕ ਸਿੰਘ ਲੇਹਲ, ਸਵਰਨ ਸਿੰਘ ਚਾਹਲ, ਬੀਬੀ ਜਸਵੰਤ ਰਾਣਾ ਅਤੇ ਬੀਬੀ ਅਮਰਜੀਤ ਕੌਰ ਸਮੇਤ ਕਈ ਹੋਰਨਾਂ ਨੇ ਆਪਣੀਆਂ ਭਾਵਪੂਰਕ ਰਚਨਾਵਾਂ ਪੇਸ਼ ਕੀਤੀਆਂ।

ਇਸ ਕਵੀ ਦਰਬਾਰ ਵਿੱਚ ਸੀਨੀਅਰ ਪੱਤਰਕਾਰ ਨਿਰੰਜਨ ਸਿੰਘ ਲੇਹਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਆਪਣੇ ਜੀਵਨ ਦੇ ਅਨੁਭਵ ਸਾਂਝੇ ਕੀਤੇ। ਇਸ ਮੌਕੇ ਗੀਤਕਾਰ ਤੇ ਗਾਇਕ ਗੁਰਦੇਵ ਸਿੰਘ ਦਰਦੀ ਦਾ ਨਵਾਂ ਪੋਸਟਰ 'ਮੇਰੀ ਮਾਂ ਬੋਲੀ ਪੰਜਾਬੀ' ਵੀ ਲੋਕ-ਅਰਪਣ ਕੀਤਾ ਗਿਆ।

ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਸ. ਲੇਹਲ ਵੱਲੋਂ ਆਪਣੇ ਚੈਨਲਾਂ 'ਸਿੱਧੀ ਗੱਲ' ਅਤੇ 'ਲਿਸ਼ਕਾਰਾ' ਰਾਹੀਂ ਕੀਤੇ ਜਾ ਰਹੇ ਪ੍ਰਚਾਰ ਦੀ ਸ਼ਲਾਘਾ ਕੀਤੀ। ਉਨ੍ਹਾਂ ਮੈਂਬਰਾਂ ਨੂੰ ਜਾਣਕਾਰੀ ਦਿੱਤੀ ਕਿ ਸੰਸਥਾ ਵੱਲੋਂ 25-26 ਮਈ, 2026 ਨੂੰ ਬਜ਼ੁਰਗਾਂ ਲਈ ਓਕਾਨਾਗਨ ਲੇਕ (ਕਲੋਨਾ) ਦਾ ਟੂਰ ਉਲੀਕਿਆ ਗਿਆ ਹੈ। ਜਾਣ ਦੇ ਚਾਹਵਾਨ ਮੈਂਬਰ 20 ਮਾਰਚ ਤੱਕ ਆਪਣੇ ਨਾਮ ਦਫ਼ਤਰ ਵਿੱਚ ਲਿਖਵਾ ਸਕਦੇ ਹਨ।

ਸਮਾਗਮ ਦੌਰਾਨ ਚਾਹ-ਪਾਣੀ ਦੀ ਸੇਵਾ ਸਵਰਗੀ ਸੁਰਿੰਦਰ ਸਿੰਘ ਕਲੇਰ ਦੇ ਪਰਿਵਾਰ ਵੱਲੋਂ ਉਨ੍ਹਾਂ ਦੇ ਪੜ-ਦੋਹਤੇ ਦੀ ਖੁਸ਼ੀ ਵਿੱਚ ਬੜੇ ਚਾਅ ਨਾਲ ਕੀਤੀ ਗਈ, ਜਿਸ ਵਿੱਚ ਸ. ਕਲੇਰ ਦੀ ਸਪੁੱਤਰੀ ਨੇ ਵੀ ਹਾਜ਼ਰੀ ਭਰੀ।

## ਗੁਰੂ ਗੋਬਿੰਦ ਸਿੰਘ ਰਿਫਾਇਨਰੀ ਵੱਲੋਂ ਨਗਰ ਕੌਂਸਲ ਰਾਮਾਂ ਦੇ ਸੀਵਰੇਜ ਲਈ 5 ਕਰੋੜ ਦਾ ਚੈਕ ਭੇਂਟ

### ਇਸੇ ਰਿਫਾਇਨਰੀ ਵੱਲੋਂ ਇਸ ਕੰਮ ਲਈ ਪਹਿਲਾਂ ਵੀ ਦਿੱਤੇ ਜਾ ਚੁੱਕੇ ਹਨ 5 ਕਰੋੜ ਰੁਪਏ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ, 27 ਫਰਵਰੀ : ਨਗਰ ਕੌਂਸਲ ਰਾਮਾਂ ਮੰਡੀ ਵਿਖੇ 23 ਕਰੋੜ ਰੁਪਏ ਦੀ ਲਾਗਤ ਨਾਲ ਪਾਏ ਜਾ ਰਹੇ ਸੀਵਰੇਜ ਲਈ ਐਚ.ਐਮ.ਈ.ਐਲ. ਗੁਰੂ ਗੋਬਿੰਦ ਸਿੰਘ ਰਿਫਾਇਨਰੀ ਦੇ ਡੀ.ਜੀ.ਐਮ., ਸੀ.ਐਸ.ਆਰ ਸ੍ਰੀ ਵਿਸ਼ਵਾ ਮੋਹਨ ਪ੍ਰਸਾਦ ਵੱਲੋਂ ਵਧੀਕ ਡਿਪਟੀ ਕਮਿਸ਼ਨਰ ਮੈਡਮ ਕੰਚਨ ਨੂੰ 5 ਕਰੋੜ ਦਾ ਚੈਕ ਸੌਂਪਿਆ।

ਇਸ ਦੌਰਾਨ ਡੀ.ਜੀ.ਐਮ., ਸੀ.ਐਸ.ਆਰ ਸ੍ਰੀ ਵਿਸ਼ਵਾ ਮੋਹਨ ਪ੍ਰਸਾਦ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਇਸੇ ਕੰਮ ਲਈ ਐਚ.ਐਮ.ਈ.ਐਲ. ਗੁਰੂ ਗੋਬਿੰਦ ਸਿੰਘ ਰਿਫਾਇਨਰੀ ਵੱਲੋਂ 5 ਕਰੋੜ ਰੁਪਏ ਦੇ ਫੰਡ ਪਹਿਲਾਂ ਦਿੱਤੇ ਜਾ ਚੁੱਕੇ ਹਨ ਅਤੇ ਹੁਣ ਤੱਕ ਕੁੱਲ 10 ਕਰੋੜ ਰੁਪਏ ਦਿੱਤੇ ਜਾ ਚੁੱਕੇ ਹਨ।

ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਮੈਡਮ ਕੰਚਨ ਨੇ ਦੱਸਿਆ ਕਿ ਐਚ.ਐਮ.ਈ.ਐਲ. ਗੁਰੂ ਗੋਬਿੰਦ ਸਿੰਘ ਰਿਫਾਇਨਰੀ ਰਾਮਾਂ ਮੰਡੀ ਵੱਲੋਂ ਪਹਿਲਾਂ ਵੀ ਸਮੇਂ-ਸਮੇਂ ਤੇ ਆਪਣੇ ਸੀ.ਐਸ.ਆਰ ਫੰਡ ਵਿੱਚ ਮੱਦਦ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਰਾਮਾਂਮੰਡੀ ਦੇ ਸੀਵਰੇਜ ਸਿਸਟਮ ਦਾ ਕੰਮ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਵੱਲੋਂ ਕਰਵਾਇਆ ਜਾ ਰਿਹਾ ਹੈ।

## 'ਆਰਸ਼ ਸਚਰ ਨੇ ਉਠਾਇਆ ਨਹਿਰੂ ਸਟੇਡੀਅਮ ਦਾ ਮਾਮਲਾ'

### ਸਰਕਾਰ ਦੀ ਜਾਂਚ ਤੋਂ ਬਾਅਦ ਕਾਰਵਾਈ ਸ਼ੁਰੂ, ਮੁੱਖ ਮੰਤਰੀ ਪੰਜਾਬ ਦਾ ਕੀਤਾ ਧੰਨਵਾਦ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ


ਅਰਸ਼ ਸੱਚਰ ਸਮਾਜਸੇਵੀ

ਕੋਟਕਪੂਰਾ, 27 ਫਰਵਰੀ : ਸਮਾਜ ਸੇਵੀ ਅਤੇ ਆਮ ਆਦਮੀ ਪਾਰਟੀ ਦੇ ਆਗੂ ਆਰਸ਼ ਸਚਰ ਵੱਲੋਂ ਨਹਿਰੂ ਸਟੇਡੀਅਮ ਫਰੀਦਕੋਟ ਵਿੱਚ ਚੱਲ ਰਹੀਆਂ ਗੜਬੜਾਂ, ਸੁਰੱਖਿਆ ਕਮਜ਼ੋਰੀਆਂ ਅਤੇ ਨਸ਼ਿਆਂ ਨਾਲ ਸਬੰਧਤ ਮਾਮਲੇ ਨੂੰ ਉੱਚ ਪੱਧਰ 'ਤੇ ਉਠਾਉਣ ਤੋਂ ਬਾਅਦ ਸਰਕਾਰ ਵੱਲੋਂ ਤੁਰਤ ਜਾਂਚ ਕਰਵਾਈ ਗਈ ਹੈ ਅਤੇ ਹੁਣ ਸੁਧਾਰ ਲਈ ਕਾਰਵਾਈ ਸ਼ੁਰੂ ਹੋ ਗਈ ਹੈ। ਆਰਸ਼ ਸਚਰ ਨੇ ਪਹਿਲਾਂ ਹੀ ਸਟੇਡੀਅਮ ਵਿੱਚ ਗੈਰ-ਕਾਨੂੰਨੀ ਗਤੀਵਿਧੀਆਂ, ਸੁਰੱਖਿਆ ਦੀ ਕਮੀ ਅਤੇ ਪ੍ਰਸ਼ਾਸਨਿਕ ਲਾਪ੍ਰਵਾਹੀ ਬਾਰੇ ਸ਼ਿਕਾਇਤ ਦਿੱਤੀ ਸੀ, ਜਿਸ ਤੋਂ ਬਾਅਦ ਖੇਡ ਵਿਭਾਗ ਵੱਲੋਂ ਮੌਕੇ ਦੀ ਜਾਂਚ ਕੀਤੀ ਗਈ। ਵਿਭਾਗੀ ਜਾਂਚ ਦੌਰਾਨ ਇਹ ਗੱਲਾਂ ਸਾਹਮਣੇ ਆਈਆਂ ਕਿ ਸਟੇਡੀਅਮ ਦੀ ਬਾਊਂਡਰੀ ਵਾਲ ਘੱਟ ਉਚਾਈ ਦੀ ਹੋਣ ਕਾਰਨ ਬਾਹਰੀ ਲੋਕਾਂ ਲਈ ਅੰਦਰ ਦਾਖਲਾ ਆਸਾਨ ਸੀ, ਸਰਕਾਰੀ ਪ੍ਰੋਗਰਾਮਾਂ ਅਤੇ ਹੋਰ ਗਤੀਵਿਧੀਆਂ ਦੌਰਾਨ ਬਾਹਰੀ ਆਵਾਜਾਈ ਨਾਲ ਸੁਰੱਖਿਆ ਖਤਰਾ ਵਧਦਾ ਸੀ, ਕੁਝ ਮੌਕਿਆਂ 'ਤੇ ਰਾਤ ਸਮੇਂ ਗਲਤ ਗਤੀਵਿਧੀਆਂ ਦੇ ਸੰਕੇਤ ਵੀ ਮਿਲੇ ਅਤੇ ਸੁਰੱਖਿਆ ਪ੍ਰਬੰਧ ਮਜ਼ਬੂਤ ਕਰਨ ਦੀ ਲੋੜ ਮੰਨੀ ਗਈ ਜਾਂਚ ਰਿਪੋਰਟ ਦੇ ਅਧਾਰ 'ਤੇ ਵਿਭਾਗ ਨੇ ਸਿਫ਼ਾਰਸ਼ ਕੀਤੀ ਹੈ ਕਿ ਸਟੇਡੀਅਮ ਦੀ ਬਾਊਂਡਰੀ ਵਾਲ ਉੱਚੀ ਕੀਤੀ ਜਾਵੇ ਉੱਤੇ ਤਾਰਬੰਦੀ ਲਾਈ ਜਾਵੇ ਅਤੇ ਬਿਨਾਂ ਇਜਾਜ਼ਤ ਦਾਖਲਾ ਰੋਕਣ ਲਈ ਸੁਰੱਖਿਆ ਪ੍ਰਬੰਧ ਮਜ਼ਬੂਤ ਕੀਤੇ ਜਾਣ ਇਸ ਸਬੰਧੀ ਉੱਚ ਅਧਿਕਾਰੀਆਂ ਵੱਲੋਂ ਅਨੁਮਤੀ ਦੇਣ ਅਤੇ ਅੰਦਾਜ਼ਾ ਤਿਆਰ ਕਰਨ ਦੇ ਹੁਕਮ ਵੀ ਜਾਰੀ ਹੋ ਚੁੱਕੇ ਹਨ, ਜਿਸ ਨਾਲ ਸਟੇਡੀਅਮ ਦੀ ਸੁਰੱਖਿਆ ਹੋਰ ਮਜ਼ਬੂਤ ਹੋਵੇਗੀ ਅਤੇ ਖਿਡਾਰੀਆਂ ਨੂੰ ਸੁਰੱਖਿਅਤ ਮਾਹੌਲ ਮਿਲੇਗਾ। ਆਰਸ਼ ਸਚਰ ਨੇ ਇਸ ਮੌਕੇ ਤੇ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਮੈਂ ਮੁੱਖ ਮੰਤਰੀ ਦਾ ਦਿਲੋਂ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਲੋਕਾਂ ਦੀ ਆਵਾਜ਼ ਸੁਣੀ ਅਤੇ ਇਸ ਮਾਮਲੇ ਵਿੱਚ ਤੁਰਤ ਜਾਂਚ ਕਰਵਾ ਕੇ ਕਾਰਵਾਈ ਸ਼ੁਰੂ ਕਰਵਾਈ। ਇਹ ਸਾਬਤ ਕਰਦਾ ਹੈ ਕਿ ਪੰਜਾਬ ਸਰਕਾਰ ਜ਼ੀਰੋ ਟੋਲਰੈਂਸ ਨੀਤੀ 'ਤੇ ਕੰਮ ਕਰ ਰਹੀ ਹੈ ਅਤੇ ਯੁਵਾਂ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਸੰਵੇਦਨਸ਼ੀਲ ਹੈ ਉਨ੍ਹਾਂ ਨੇ ਕਿਹਾ ਕਿ ਲੋਕਾਂ ਦੇ ਮੁੱਦੇ ਉਠਾਉਣਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਅਤੇ ਜਿੱਥੇ ਵੀ ਲੋਕਾਂ ਦੀ ਸੰਪਤੀ, ਯੁਵਾਂ ਦਾ ਭਵਿੱਖ ਜਾਂ ਪ੍ਰਸ਼ਾਸਨਿਕ ਲਾਪਰਵਾਹੀ ਦਾ ਮਾਮਲਾ ਹੋਵੇਗਾ, ਉਹ ਮਜ਼ਬੂਤੀ ਨਾਲ ਖੜੇ ਰਹਿਣਗੇ। ਸਥਾਨਕ ਖਿਡਾਰੀਆਂ ਅਤੇ ਨਾਗਰਿਕਾਂ ਨੇ ਵੀ ਇਸ ਕਾਰਵਾਈ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਇਸ ਨਾਲ ਸਟੇਡੀਅਮ ਦੀ ਸੁਰੱਖਿਆ ਅਤੇ ਮਾਹੌਲ ਵਿੱਚ ਸੁਧਾਰ ਆਵੇਗਾ। ਪਿਛਲੇ ਕੁਝ ਸਾਲਾਂ ਤੋਂ ਆਰਸ਼ ਸਚਰ ਵੱਲੋਂ ਪਾਣੀ ਸਪਲਾਈ, ਗਊਸ਼ਾਲਾ, ਨਗਰ ਕੌਂਸਲ ਅਤੇ ਯੁਵਾਂ ਨਾਲ ਜੁੜੇ ਕਈ ਮੁੱਦੇ ਲਗਾਤਾਰ ਉਠਾਏ ਜਾ ਰਹੇ ਹਨ, ਜਿਸ ਨਾਲ ਉਹ ਫਰੀਦਕੋਟ ਵਿੱਚ ਇੱਕ ਮਜ਼ਬੂਤ ਜਨ ਆਵਾਜ਼ ਵਜੋਂ ਉਭਰ ਰਹੇ ਹਨ।

## ਨਜ਼ਾਇਜ਼ ਬਦਲੀ ਕਰਨ ਖਿਲਾਫ ਸਿਵਲ ਸਰਜਨ ਦਫਤਰ ਮੂਹਰੇ ਰੋਸ ਧਰਨਾ ਅੱਜ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 27 ਫਰਵਰੀ : ਸਿਵਲ ਸਰਜਨ ਫਰੀਦਕੋਟ ਵੱਲੋਂ ਜਸਮੇਲ ਸਿੰਘ ਮਲਟੀਪਰਪਜ ਹੈਲਥ ਵਰਕਰ ਦੀ ਝੂਠੀ ਸ਼ਿਕਾਇਤ ਕਰਕੇ ਬਦਲੀ ਕਰਵਾਉਣ ਕਾਰਨ ਸਮੁੱਚੇ ਮਲਟੀਪਰਪਜ਼ ਕੇਡਰ ਵਿੱਚ ਭਾਰੀ ਰੋਸ ਅਤੇ ਗੁੱਸਾ ਪਾਇਆ ਜਾ ਰਿਹਾ ਹੈ। ਇਸ ਦੇ ਖਿਲਾਫ ਮਲਟੀਪਰਪਜ ਹੈਲਥ ਵਰਕਰ ਯੂਨੀਅਨ ਜ਼ਿਲ੍ਹਾ ਫਰੀਦਕੋਟ ਵੱਲੋਂ 27 ਫਰਵਰੀ ਦਿਨ ਸ਼ੁੱਕਰਵਾਰ ਨੂੰ ਸਵੇਰੇ 11:00 ਵਜੇ ਸਿਵਲ ਸਰਜਨ ਦਫ਼ਤਰ ਫਰੀਦਕੋਟ ਸਾਹਮਣੇ ਰੋਸ ਧਰਨਾ ਦਿੱਤਾ ਜਾ ਰਿਹਾ ਹੈ। ਇਸ ਰੋਸ ਧਰਨੇ ਦੀ ਹਮਾਇਤ ਕਰਦੇ ਹੋਏ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22ਬੀ ਚੰਡੀਗੜ੍ਹ ਇਕਾਈ ਜ਼ਿਲ੍ਹਾ ਫਰੀਦਕੋਟ ਦੇ ਆਗੂ ਨਛੱਤਰ ਸਿੰਘ ਭਾਣਾ, ਕੁਲਵੰਤ ਸਿੰਘ ਚਾਨੀ, ਪ੍ਰਦੀਪ ਸਿੰਘ ਬਰਾੜ, ਬਲਕਾਰ ਸਿੰਘ ਸਹੋਤਾ, ਰਮੇਸ਼ ਢੈਪਈ, ਪਰਮਜੀਤ ਸਿੰਘ ਪੰਮਾ, ਗੁਰਪ੍ਰੀਤ ਸਿੰਘ ਸਿੱਧੂ ਅਤੇ ਜੋਤੀ ਪ੍ਰਕਾਸ਼ ਨੇ ਇਸ ਰੋਸ ਧਰਨੇ ਵਿੱਚ ਭਰਾਤਰੀ ਤੌਰ 'ਤੇ ਸ਼ਾਮਿਲ ਹੋਣ ਦਾ ਫੈਸਲਾ ਕੀਤਾ ਹੈ। ਆਗੂਆਂ ਨੇ ਸਿਹਤ ਵਿਭਾਗ ਪੰਜਾਬ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਜਸਮੇਲ ਸਿੰਘ ਮਲਟੀਪਰਪਜ ਹੈਲਥ ਵਰਕਰ ਦੀ ਕੀਤੀ ਗਈ ਨਜਾਇਜ਼ ਬਦਲੀ ਦੇ ਹੁਕਮ ਤੁਰਤ ਰੱਦ ਕੀਤੇ ਜਾਣ।

## ਜਲ ਹੀ ਜੀਵਨ ਹੈ-ਜਲ ਅਰਪਣ ਦਿਵਸ ਤੇ ਵਿਸ਼ੇਸ਼



ਵਰਲਡ ਪੰਜਾਬੀ ਟਾਈਮਜ਼
ਗੁਰਤੇਜ ਪੱਖੀ ਕਲਾਂ

ਇਹ ਧਰਤੀ ਮਾਂ ਆਪਣੀ ਗੁਰੂਆਂ ਪੀਰਾਂ ਨੇ ਜੋ ਸਾਜੀ,
ਇਹ ਧਰਤੀ ਨਾਨਕ ਨੇ ਮਾਂ ਦਾ ਦਰਜਾ ਦੇ ਨਿਵਾਜੀ।
ਵੇਲਾ ਹੱਥ ਨਹੀਂ ਆਉਣਾ ਜੀ, ਅਕਲ ਦੇ ਬਹਿਕੇ ਪੇਚ ਲੜਾਉ,
ਇਹ ਜਲ ਹੀ ਜੀਵਨ ਹੈ, ਨਾ ਇਹਨੂੰ ਵਿਆਰਥ ਵਹਾਉ।
ਇਹ......................।

ਪਾਣੀ ਪਿਤਾ ਬਰਾਬਰ ਹੈ, ਸੁਣੋ ਗ੍ਰੰਥ ਸਾਹਿਬ ਦੀ ਬਾਣੀ,
ਜੇ ਮੁੱਕ ਗਿਆ ਧਰਤੀ ਤੋਂ ਨਾ ਕੋਈ ਜਿਉਂਦਾ ਬਚੂ ਪ੍ਰਾਣੀ।
ਕਿਉਂ ਸੁਣਕੇ ਛੱਡ ਦਿੰਦੇ, ਖਾਨੇ ਗੱਲ ਬਾਣੀ ਦੀ ਪਾਉ,
ਇਹ ਜਲ....................।

ਫੈਕਟਰੀਆਂ ਦੀਆਂ ਜ਼ਹਿਰਾਂ ਨੂੰ ਕਿਉਂ ਦਰਿਆਵਾਂ ਵਿਚ ਮਲਾਏਂ,
ਪਾਣੀ ਕਰਕੇ ਗੰਦਲਾ ਤੂੰ ਕੈਂਸਰ ਨਾ ਘਰ ਘਰ ਸੱਥਰ ਵਿਛਾਏ।
ਕਰਕੇ ਗੰਧਲਾ ਪਾਣੀ ਨੂੰ ਰੋਗ ਨਾ ਆਪੇ ਘਰੇ ਬਲਾਓ,
ਇਹ ਜਲ।................।

ਗੱਡੀਆਂ, ਮੋਟਰਸਾਈਕਲ ਧੋ ਕੇ ਕਰਦੇ ਓ ਦੁਰਵਰਤੋਂ,
ਪਹਿਲਾਂ ਬੱਚਤ ਪਾਣੀ ਦੀ, ਸੁਰੂਆਤ ਕਰੋ ਤੁਸੀਂ ਘਰਤੋਂ।
ਸੋਹਣੇ ਘਰ ਬਣਾਉਣ ਲਈ ਨਾ ਰੁੱਖਾਂ ਨੂੰ ਕਟਵਾਓ,
ਇਹ ਜਲ......................।

ਨਾ ਪਾਣੀ ਬਿਨਾਂ ਧਰਤੀ ਹੈ, ਨਾ ਧਰਤੀ ਬਿਨਾਂ ਹੈ ਪਾਣੀ,
ਤੁਸੀਂ ਬਚਾਲੋ ਇਹਨਾਂ ਨੂੰ ਨਹੀਂ ਤਾਂ ਹੋਜੂ ਖਤਮ ਕਹਾਣੀ।
ਗੁਰਤੇਜ ਪੱਖੀ ਕਲਾਂ ਵਾਲਿਆ ਉਏ ਗੱਲ ਸਭਨਾਂ ਸਮਝਾਓ.
ਇਹ ਜਲ.।......................।

## ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਹੁਣ ਤੱਕ ਜ਼ਿਲ੍ਹਾ ਬਠਿੰਡਾ ‘ਚ 74000 ਲੋਕਾਂ ਨੇ ਕਰਵਾਈ ਆਪਣੀ ਰਜਿਸਟ੍ਰੇਸ਼ਨ : ਡਿਪਟੀ ਕਮਿਸ਼ਨਰ

### ਜ਼ਿਲ੍ਹਾ ਬਠਿੰਡਾ ‘ਚ ਹੁਣ ਤੱਕ 1628 ਲੋਕ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਕਰਵਾ ਚੁੱਕੇ ਹਨ ਆਪਣਾ ਇਲਾਜ

### ਜ਼ਿਲ੍ਹੇ ਚ ਲਗਾਏ ਜਾ ਰਹੇ 58 ਵਿਸ਼ੇਸ ਕੈਂਪਾਂ ਅਤੇ ਕਾਮਨ ਸਰਵਿਸ ਕੇਂਦਰਾਂ ਵਿਖੇ ਕਰਵਾਈ ਜਾ ਸਕਦੀ ਹੈ ਰਜਿਸਟ੍ਰੇਸ਼ਨ

ਵਰਲਡ ਪੰਜਾਬੀ ਟਾਈਮਜ਼
ਗੁਰਪ੍ਰੀਤ ਚਹਿਲ

ਬਠਿੰਡਾ, 27 ਫ਼ਰਵਰੀ : ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਹੁਣ ਤੱਕ ਜ਼ਿਲ੍ਹਾ ਬਠਿੰਡਾ ‘ਚ 74000 ਤੋਂ ਵੱਧ ਲੋਕ ਆਪਣਾ ਰਜਿਸਟ੍ਰੇਸ਼ਨ ਕਰਵਾ ਚੁੱਕੇ ਹਨ ਅਤੇ 1628 ਲੋਕਾਂ ਦਾ ਇਲਾਜ ਹਸਪਤਾਲਾਂ ‘ਚ ਇਸ ਯੋਜਨਾ ਤਹਿਤ ਮੁਫ਼ਤ ਕੀਤਾ ਗਿਆ ਹੈ ।

ਸ਼੍ਰੀ ਰਾਜੇਸ਼ ਧੀਮਾਨ, ਡਿਪਟੀ ਕਮਿਸ਼ਨਰ ਬਠਿੰਡਾ ਨੇ ਇਹ ਜਾਣਕਾਰੀ ਮੁੱਖ ਮੰਤਰੀ ਸਿਹਤ ਯੋਜਨਾ ਦੀ ਸਮੀਖਿਆ ਸਬੰਧੀ ਬੁਲਾਈ ਗਈ ਵਿਸ਼ੇਸ਼ ਬੈਠਕ ਨੂੰ ਸੰਬੋਧਨ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ 10 ਲੱਖ ਰੁਪਏ ਤੱਕ ਦਾ ਇਲਾਜ ਸਰਕਾਰੀ ਅਤੇ ਗੈਰ ਸਰਕਾਰੀ ਐਮਪਨੇਲਡ ਹਸਪਤਾਲਾਂ ਚ ਮੁਫ਼ਤ ਮਿਲ ਰਿਹਾ ਹੈ ।

ਉਨ੍ਹਾਂ ਕਿਹਾ ਸਿਹਤ ਵਿਭਾਗ ਨੂੰ ਨਿਰਦੇਸ਼ ਦਿੱਤੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਹਰ ਇਕ ਹਸਪਤਾਲ ਚ ਇਕ ਅਫਸਰ ਨੂੰ ਇਹ ਯੋਜਨਾ ਲਾਗੂ ਕਰਨ ਲਈ ਪਾਬੰਦ ਕੀਤਾ ਜਾਵੇ। ਇਹ ਅਫਸਰ ਆਪਣੇ ਹਸਪਤਾਲ ਚ ਇਸ ਯੋਜਨਾ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਪਾਬੰਦ ਹੋਵੇਗਾ ਅਤੇ ਇਸ ਦੇ ਲਾਗੂ ਕਰਨ ਵਿਚ ਜੇਕਰ ਕੋਈ ਦਿੱਕਤ ਆਉਂਦੀ ਹੈ ਤਾਂ ਉਸ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਨਾਲ ਤਾਲਮੇਲ ਰੱਖੇਗਾ।



ਉਨ੍ਹਾਂ ਜ਼ਿਲ੍ਹੇ ਦੇ ਸਾਰੇ ਉਪ ਮੰਡਲ ਮੈਜਿਸਟ੍ਰੇਟਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਮੁੱਖ ਮੰਤਰੀ ਸਿਹਤ ਯੋਜਨਾ ਸਬੰਧੀ ਆਪਣੇ-ਆਪਣੇ ਅਧਿਕਾਰਤ ਖੇਤਰਾਂ ਸਬੰਧੀ ਰੋਜ਼ਾਨਾ ਰਿਪੋਰਟ ਲੈਣਗੇ ਅਤੇ ਇਸ ਉੱਤੇ ਨਜ਼ਰ ਰੱਖਣਗੇ। ਡਿਪਟੀ ਕਮਿਸ਼ਨਰ ਨੇ ਨਿਰਦੇਸ਼ ਦਿੱਤੇ ਕਿ ਹਰ ਇਕ ਬਠਿੰਡਾ ਵਾਸੀ ਤੱਕ ਇਸ ਯੋਜਨਾ ਦਾ ਲਾਭ ਪਹੁੰਚਾਉਣ ਲਈ ਜ਼ਿਲ੍ਹੇ ਵਿਚ 58 ਥਾਵਾਂ ਉੱਤੇ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ ਅਤੇ ਨਾਲ ਹੀ ਜ਼ਿਲ੍ਹੇ ਦੇ ਕਾਮਨ ਸਰਵਿਸ ਕੇਂਦਰਾਂ ਵਿਖੇ ਵੀ ਇਸ ਕਾਰਡ ਲਈ ਰਜਿਸ਼ਟ੍ਰੇਸ਼ਨ ਕਰਵਾਈ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਇਹ ਕੈਂਪ ਜ਼ਿਲ੍ਹਾ ਬਠਿੰਡਾ ‘ਚ 55 ਥਾਵਾਂ ਤੇ ਲਗਾਤਾਰ ਲਗਾਏ ਜਾ ਰਹੇ ਹਨ। ਇਹ ਕੈਂਪ ਪਿੰਡ ਤੁੰਗਰਾਲੀ, ਜੋਗੇਵਾਲਾ, ਕਣਕਵਾਲ, ਫੂੱਲੋ ਖਾਰੀ, ਤਲਵੰਡੀ ਵਾਰਡ ਨੰਬਰ 3, 4 ਰਾਮਾਂ ਮੰਡੀ ਵਾਰਡ ਨੰਬਰ 7, ਕੋਠਾਗੁਰੂ, ਰਾਮਪੁਰਾ ਸਿਟੀ, ਮਹਿਰਾਜ, ਕੇਸਰ ਸਿੰਘ ਵਾਲਾ, ਆਦਮਪੁਰਾ, ਭੋਡੀਪੁਰਾ, ਢਿਪਾਲੀ, ਦਿਆਲਪੁਰਾ ਭਾਈਕਾ, ਹਮੀਰਗੜ੍ਹ, ਅਕਲੀਆ ਜਲਾਲ, ਬਠਿੰਡਾ ਵਾਰਡ ਨੰਬਰ 12, 35, 21, 24, 25, 28, 43, 44, 49 ਅਤੇ 50, ਗਹਿਰੀ ਦੇਵੀ ਨਗਰ, ਭਿਸੀਆਣਾ, ਕੋਟਸ਼ਮੀਰ ਵਾਰਡ ਨੰਬਰ 2, ਕੋਟਫੱਤਾ ਵਾਰਡ ਨੰਬਰ 8, ਸੰਗਤ ਮੰਡੀ ਵਾਰਡ ਨੰਬਰ 3, ਦਿਓਣ, ਮਛਾਣਾ, ਬਹਿਮਣ ਦੀਵਾਨਾ, ਬੀੜ ਤਾਲਾਬ ਬਸਤੀ 2-3, ਬਾਬਾ ਜੀਵਨ ਸਿੰਘ ਨਗਰ, ਭੁੱਚੋ ਮੰਡੀ ਵਾਰਡ ਨੰਬਰ 2, ਗੋਨਿਆਣਾ ਵਾਰਡ ਨੰਬਰ 2, ਲਹਿਰਾ ਮੁਹੱਬਤ ਵਾਰਡ ਨੰਬਰ 1, ਨਥਾਣਾ ਵਾਰਡ ਨੰਬਰ 2, ਕੋਠੇ ਇੰਦਰ ਸਿੰਘ ਵਾਲਾ, ਕੋਠੇ ਲਾਲ ਸਿੰਘ ਵਾਲਾ, ਮਹਿਮਾ ਸਵਾਈ, ਕੋਠੇ ਬੁੱਧ ਸਿੰਘ ਵਾਲਾ, ਦਾਨ ਸਿੰਘ ਵਾਲਾ, ਕੋਠੇ ਸਪੂਰਾ ਸਿੰਘ ਵਾਲਾ, ਬੁੱਗਰਾਂ, ਬੱਲੋ, ਮੰਡੀ ਖੁਰਦ, ਕੁੱਤੀਵਾਲ ਕਲਾਂ, ਰਾਮਗੜ੍ਹ ਭੂੰਦੜ, ਮਾਣਕਖਾਨਾ, ਰਾਜਗੜ੍ਹ ਕੁੱਬੇ, ਸੂਚ ਅਤੇ ਮੌੜ ਮੰਡੀ ਦੇ ਵਾਰਡ ਨੰਬਰ 4 ਵਿਖੇ ਕੈਂਪ ਲਗਾਏ ਜਾ ਰਹੇ ਹਨ ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਕੰਚਨ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ਼੍ਰੀ ਰਾਜਦੀਪ ਸਿੰਘ ਬਰਾੜ, ਉਪ ਮੰਡਲ ਮੈਜਿਸਟ੍ਰੇਟ ਰਾਮਪੁਰਾ ਆਈ.ਏ.ਐਸ. ਸ਼੍ਰੀ ਸੁਨੀਲ ਫੋਗਾਟ, ਆਈ.ਏ.ਐੱਸ (ਯੂ.ਟੀ) ਮੈਡਮ ਹਰਸ਼ਿਤਾ, ਉੱਪ ਮੰਡਲ ਮੈਜਿਸਟ੍ਰੇਟ ਬਠਿੰਡਾ ਸ਼੍ਰੀ ਬਲਕਰਨ ਸਿੰਘ, ਸ਼੍ਰੀ ਹਰਜੀਤ ਅਟਵਾਲ, ਮੁੱਖ ਮੰਤਰੀ ਫ਼ੀਲਡ ਅਫਸਰ ਸ਼੍ਰੀ ਰਮਨਜੀਤ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਆਦਿ ਹਾਜ਼ਰ ਸਨ।

## ਸਮਾਜ ਦੇ ਕੋਹੜ ਵਿਜੀਲੈਂਸ ਬਿਊਰੋ ਨੇ ਪਟਵਾਰੀ ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕੀਤਾ ਕਾਬੂ*

ਵਰਲਡ ਪੰਜਾਬੀ ਟਾਈਮਜ਼
ਗੁਰਪ੍ਰੀਤ ਚਹਿਲ



ਬਠਿੰਡਾ, 27 ਫਰਵਰੀ : ਭਾਂਵੇ ਦਿਨ ਬ ਦਿਨ ਵਧ ਰਹੀ ਮਹਿਗਾਈ ਨੇ ਅੱਜ ਵੱਡੇ ਛੋਟੇ ਹਰੇਕ ਦਾ ਲੱਕ ਤੋੜ ਰੱਖਿਆ ਹੈ ਪਰ ਅੱਜ ਐਸੇ ਵੀ ਸਬਰ ਸੰਤੋਖ ਵਾਲੇ ਲੋਕ ਮਿਲ ਜਾਣਗੇ ਜਿਹੜੇ ਕੇਵਲ ਅੱਠ ਦਸ ਹਜ਼ਾਰ ਰੁਪਏ ਨਾਲ ਆਪਣਾ ਘਰ ਚਲਾ ਰਹੇ ਹਨ। ਪਰ ਦੂਜੇ ਪਾਸੇ ਸਮਾਜ ਨੂੰ ਐਸੇ ਕੋਹੜ ਵੀ ਚਿੰਬੜੇ ਹਨ ਜਿਹੜੇ ਮੋਟੀਆਂ ਤਨਖਾਹਾਂ ਲੈਣ ਦੇ ਬਾਵਜੂਦ ਹਰਾਮ (ਰਿਸ਼ਵਤ)ਦੀ ਕਮਾਈ ਦੀ ਹਮੇਸ਼ਾਂ ਝਾਕ ਰਖਦੇ ਹਨ। ਕੁੱਝ ਅਜਿਹਾ ਹੀ ਮਾਮਲਾ ਸਾਹਮਣੇ ਆਇਆ ਹੈ ਜ਼ਿਲ੍ਹਾ ਬਠਿੰਡਾ ਦੇ ਇੱਕ ਵੱਡੇ ਪਿੰਡ ਕੋਟ ਸ਼ਮੀਰ ਤੋਂ।

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ, ਜ਼ਿਲ੍ਹਾ ਬਠਿੰਡਾ ਦੇ ਉਪਰੋਕਤ ਪਿੰਡ ਦੇ ਮਾਲ ਦਫ਼ਤਰ ਵਿਖੇ ਤਾਇਨਾਤ ਪਟਵਾਰੀ ਮਨਜੋਤ ਸਿੰਘ ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਪਿੰਡ ਕੋਟ ਸ਼ਮੀਰ, ਜ਼ਿਲ੍ਹਾ ਬਠਿੰਡਾ ਦੇ ਇੱਕ ਵਸਨੀਕ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ ‘ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਆਪਣੇ ਰਿਸ਼ਤੇਦਾਰ ਦੀ ਜੱਦੀ ਜਾਇਦਾਦ ਦੇ ਇੰਤਕਾਲ ਲਈ ਦੋਸ਼ੀ ਪਟਵਾਰੀ ਨੂੰ ਮਿਲਿਆ ਸੀ। ਇਸ ਸਬੰਧੀ ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਦੋਸ਼ੀ ਪਟਵਾਰੀ ਨੇ ਉਸਦੇ ਰਿਸ਼ਤੇਦਾਰ ਦੀ ਜਾਇਦਾਦ ਦੇ ਇੰਤਕਾਲ ਕਰਨ ਬਦਲੇ 10,000 ਰੁਪਏ ਰਿਸ਼ਵਤ ਦੀ ਮੰਗ ਕੀਤੀ। ਸ਼ਿਕਾਇਤਕਰਤਾ ਨੇ ਰਿਸ਼ਵਤ ਦੀ ਮੰਗ ਸਬੰਧੀ ਸਾਰੀ ਗੱਲਬਾਤ ਰਿਕਾਰਡ ਕਰ ਲਈ।

ਸ਼ਿਕਾਇਤਕਰਤਾ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਸੀ ਇਸ ਲਈ ਉਸਨੇ ਪੰਜਾਬ ਵਿਜੀਲੈਂਸ ਬਿਊਰੋ ਰੇਂਜ, ਬਠਿੰਡਾ ਨਾਲ ਸੰਪਰਕ ਕੀਤਾ ਅਤੇ ਸ਼ਿਕਾਇਤ ਦਰਜ ਕਰਵਾਈ। ਸ਼ਿਕਾਇਤ ‘ਤੇ ਕਾਰਵਾਈ ਕਰਦਿਆਂ, ਵਿਜੀਲੈਂਸ ਬਿਊਰੋ ਨੇ ਇੱਕ ਜਾਲ ਵਿਛਾਇਆ, ਜਿਸ ਦੌਰਾਨ ਦੋਸ਼ੀ ਪਟਵਾਰੀ ਨੂੰ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ।

ਇਸ ਸਬੰਧੀ, ਦੋਸ਼ੀ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਬਠਿੰਡਾ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਅਖੌਤੀ ਅਕਾਲੀਓ! ਸਿੱਖ ਕਿਹੜੇ ਖੂਹ ‘ਚ ਡਿੱਗਣ ?

ਵਰਲਡ ਪੰਜਾਬੀ ਟਾਈਮਜ਼
ਰਣਜੀਤ ਸਿੰਘ ਦਮਦਮੀ ਟਕਸਾਲ

ਪੰਜਾਬ ਨੂੰ ਬੰਜਰ ਬਣਾਉਣ ਤੇ ਪੰਜਾਬ ਦੀ ਜਵਾਨੀ ਨੂੰ ਨਸ਼ੇੜੀ ਤੇ ਅੱਯਾਸ਼-ਬਦਮਾਸ਼ ਬਣਾਉਣ ਸਮੇਤ ਹਿੰਦੂਤਵੀਆਂ ਨੇ ਬੜੇ ਢੰਗ ਨਾਲ਼ ਹਮਲਾ ਬੋਲਿਆ ਹੋਇਆ ਹੈ। ਧੜਾਧੜ ਹਿੰਦੀ ਬੋਲਣ ਵਾਲੇ ਭਾਰਤ ਦੇ ਲੋਕ ਲਿਆ ਕੇ ਵਸਾਏ ਜਾ ਰਹੇ ਨੇ ਤਾਂ ਕਿ ਸਿੱਖ ਘੱਟ ਗਿਣਤੀ ਵਿੱਚ ਹੋ ਜਾਣ। ਇੱਥੇ ਉਹਨਾਂ ਨੂੰ ਘਰ-ਪਰਿਵਾਰ ਤੇ ਕਾਰੋਬਾਰ ਸੈੱਟ ਕਰ ਕੇ ਦੇਣ ਲਈ ਪੰਜਾਬ ਸਰਕਾਰ ਪੰਜਾਬ ਦੇ ਲੋਕਾਂ ਤੋਂ ਇਕੱਠੇ ਕੀਤੇ ਟੈਕਸ ਦੀ ਵਰਤੋਂ ਕਰਦੀ ਹੈਂ। ਪੰਜਾਬ ਦੇ ਅਸਲ ਵਾਸੀਆਂ ਕੋਲ਼ ਕਾਰੋਬਾਰ ਖੋਹੇ ਜਾ ਰਹੇ ਨੇ, ਬੇਜ਼ਮੀਨੇ ਕੀਤਾ ਜਾ ਰਿਹਾ ਹੈ ਤੇ ਘਸਿਆਰੇ ਬਣਾਇਆ ਜਾ ਰਿਹਾ ਹੈ। ਜੇ ਇਹ ਨੀਤੀ ਜਾਰੀ ਰਹੀ ਤਾਂ ਦਸ-ਪੰਦਰਾਂ ਸਾਲਾਂ ਤਕ ਪੰਜਾਬ ਦੇ ਅਸਲ ਵਾਸੀ ਗ਼ਰੀਬ ਹੋਣਗੇ ਤੇ ਬਾਹਰੀ ਆਏ ਲੋਕ ਅਮੀਰ ਹੋਣਗੇ। ਪੰਜਾਬ ਦੀ ਬੋਲੀ, ਧਰਮ, ਸਿੱਖ ਤੇ ਸੱਭਿਆਚਾਰ ਦੀ ਬਰਬਾਦੀ ਕਰ ਕੇ, 1984 ਦੁਹਰਾਅ ਕੇ ਸਿੱਖਾਂ ਦੀ ਨਸਲਕੁਸ਼ੀ ਕਰਨ ਦੇ ਸ਼ਰੇਆਮ ਐਲਾਨ ਹੋ ਰਹੇ ਨੇ। ਸਾਡੀ ਅਖੌਤੀ ਧਾਰਮਿਕ ਅਤੇ ਸਿਆਸੀ ਲੀਡਰਸ਼ਿਪ, ਵਿਦਵਾਨ ਤੇ ਕੁਝ ਬੁੱਧੀਜੀਵੀ ਜਿਨ੍ਹਾਂ ਨੂੰ ਸਭ ਤੋਂ ਸਿਆਣੇ ਸਿੱਖ ਹੋਣ ਦਾ ਫਤੂਰ ਹੈ, ਪਿੱਟਣ ਲੱਗੇ ਹੋਏ ਨੇ ਕਿ ਸਿੱਖ ਤੱਤੀਆਂ ਗੱਲਾ ਕਰਦੇ ਨੇ, ਇਹ ਲੋਕਾਂ ਦੇ ਪੁੱਤ ਮਰਵਾਉਣਗੇ, ਮਾਹੌਲ ਖ਼ਰਾਬ ਹੋ ਜਾਣਾ। ਇਹ ਕਹਿੰਦੇ ਨੇ ਕਿ ‘ਸਿਆਣੇ ਬਣੋ’। ਮਤਲਬ ਆਪਣੇ ਧਰਮ ਦੀ ਬੇਇਜ਼ਤੀ ਵੇਖ ਕੇ ਬਰਦਾਸ਼ਤ ਕਰਨਾ ਸਿੱਖੋ। ‘ਸਿਆਣੇ ਹੋਣ’ ਦੇ ਅਰਥ ਨੇ ਕਿ ਅਣਖ, ਗ਼ੈਰਤ, ਸੂਰਮਗਤੀ ਤੇ ਚੜ੍ਹਦੀ ਕਲਾ ਭੁੱਲ ਜਾਓ ਤੇ ਹਰ ਮੌਕੇ ਬਹੁਗਿਣਤੀ ਨੂੰ ਕਾਇਲ ਕਰੋ ਕਿ ਅਸੀਂ ਕੁਝ ਨਹੀਂ ਮੰਗਦੇ, ਕੁਝ ਨਹੀਂ ਕਹਿੰਦੇ, ਸਾਨੂੰ ਬਖ਼ਸ਼ ਦੇਵੋ। ਬਾਦਲ ਦਲ, ਕਾਂਗਰਸ, ਭਾਜਪਾ, ਝਾੜੂ ਪਾਰਟੀ ਤੇ ਹੋਰ ਸਿਆਸੀ ਦਲਾਂ ਦੇ ਸਿੱਖ ਵੀ ਇਹੀ ਕਹਿੰਦੇ ਨੇ ਕਿ ਪੰਥ ਦੀ ਚੜ੍ਹਦੀ ਕਲਾ ਦੇ ਅਰਥ ਨੇ, ਮਹੌਲ ਖਰਾਬ ਹੋਣਾ। ਬਾਦਲ ਦਲ ਵਾਲ਼ੇ ਤਾਂ ਐਲਾਨੀਆ ਕਹਿ ਚੁੱਕੇ ਨੇ ਪੰਥਕ ਏਜੰਡਾ ਪੰਜਾਬ ਦਾ ਮਹੌਲ ਖ਼ਰਾਬ ਕਰੇਗਾ। ਇਸ ਮਹੌਲ ਵਿੱਚ ਜਿਹੜੇ ਸਿੱਖ ਨੌਜਵਾਨ ਜ਼ੁਲਮ, ਵਧੀਕੀ ਤੇ ਬੇਇਨਸਾਫ਼ੀ ਖ਼ਿਲਾਫ਼ ਡਟਣਗੇ, ਉਹਨਾਂ ਨਾਲ਼ ਬਾਕੀ ਸਿੱਖਾਂ ਦਾ ਰਵੱਈਆ ਉਹ ਹੋਵੇਗਾ ਜਿਹੜਾ 1984 ਤੋਂ ਬਾਅਦ ਸਿੱਖ ਜੁਝਾਰੂਆਂ ਬਾਰੇ ਅਕਾਲੀਆਂ ਦਾ ਸੀ ਕਿ ਐਵੇਂ ਹਥਿਆਰਬੰਦ ਹੋ ਕੇ ਵਾਰਦਾਤਾਂ ਕਰਨ ਦਾ ਕੀ ਫਾਇਦਾ, ਕਾਂਗਰਸ ਨੂੰ ਵੋਟਾਂ ਵਿੱਚ ਹਰਾ ਕੇ ਅਕਾਲੀ ਸਰਕਾਰ ਬਣਾਈਏ। ਅਕਾਲੀਆਂ ਨੂੰ ਤਾਂ ਇਹੀ ਲਗਦਾ ਕਿ ਸਿੱਖਾਂ ਦੀ ਜ਼ਲਾਲਤ ਦਾ ਬਦਲਾ ਵੋਟਾਂ ਵਿੱਚ ਅਕਾਲੀ ਦਲ ਦੀ ਸਰਕਾਰ ਬਣਨ ਨਾਲ਼ ਲਿਆ ਜਾ ਸਕਦਾ ਹੈ। ਪਰ ਜਦ 1985 ਵਿੱਚ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲੇ ਦੀ ਸਰਕਾਰ ਬਣੀ ਤਾਂ 1988 ਤਕ ਮੁੱਖ ਮੰਤਰੀ ਦਰਬਾਰਾ ਸਿਹੁੰ ਉਰਫ ਜ਼ਕਰੀਆ ਖਾਂ ਦੀ ਸਰਕਾਰ ਨਾਲ਼ੋਂ ਵੀ ਵੱਧ ਜ਼ਾਲਮ ਰਹੀ। ਬਰਨਾਲੇ ਦੇ ਰਾਜ ਵਿੱਚ ਰਿਬੈਰੋ ਦੇ ਹੁਕਮ ‘ਤੇ ਅੰਨ੍ਹੇਵਾਹ ਜ਼ੁਲਮ ਹੋਇਆ ਤੇ ਹਜ਼ਾਰਾਂ ਸਿੱਖ ਨੌਜਵਾਨ ਘਰੋਂ-ਭਗੌੜੇ ਕਰ ਦਿੱਤੇ। ਬਰਨਾਲੇ ਦੀ ਸਰਕਾਰ ਟੁੱਟਣ ਦਾ ਇੱਕ ਵੀ ਸਿੱਖ ਨੂੰ ਅਫ਼ਸੋਸ ਨਹੀਂ ਸੀ ਹੋਇਆ ਕਿਉਂਕਿ ਇਸ ਰਾਜ ਦੌਰਾਨ ਸਿੱਖ ਹੀ ਟੰਗੇ ਹੋਏ ਸੀ। ਜਦ 1997 ਵਿੱਚ ਬਾਦਲ ਦਾ ਰਾਜ ਆਇਆ ਤਾਂ ਸਿੱਖ ਧਰਮ ਦਾ ਸਭ ਤੋਂ ਵਧ ਨੁਕਸਾਨ ਹੋਇਆ। ਸਿੱਖੀ ਦੇ ਦੁਸ਼ਮਣ ਸਿਰਸੇ, ਭਨਿਆਰੇ, ਬਿਆਸ, ਨੂਰਮਹਿਲ, ਭੈਣੀ, ਨਰਕਧਾਰੀਏ ਛਾਏ ਰਹੇ। ਜ਼ਾਲਮ ਪੁਲਸੀਆਂ ਦੀ ਚੜ੍ਹਤ ਰਹੀ। ਤਿੰਨ ਵਾਰ ਬਾਦਲ ਮੁੱਖ ਮੰਤਰੀ ਬਣਿਆ ਤੇ ਸਿੱਖ ਧਰਮ ਦੀਆ ਬੁਨਿਆਦਾਂ ਹਿਲਾ ਧਰੀਆਂ। ਸੋ ਇਸ ਸਿਸਟਮ ਵਿੱਚ ਜਦ ਵੀ ਸਿੱਖ ਜ਼ਲੀਲ ਹੋਣਗੇ, ਓਦੋਂ ਹੀ ਅਕਾਲੀਆਂ ਨੇ ਕਹਿਣਾ ਕਿ ਸਾਡੀ ਸਰਕਾਰ ਬਣਾਓ। ਤੇ ਫਿਰ ਅਕਾਲੀਆਂ ਦੀ ਸਰਕਾਰ ਵਿੱਚ ਸਿੱਖ ਧਰਮ ਉੱਤੇ ਹਮਲੇ ਹੋਣਗੇ। ਫੇਰ ਸਿੱਖ ਕਿਹੜੇ ਖੂਹ ਵਿੱਚ ਡਿੱਗਣ ? ਜਿਹੜੇ ਸਿੱਖ ਨੌਜਵਾਨ ਜੁਝਾਰੂਪਣ ਵਿਖਾਉਣ, ਉਹਨਾਂ ਨੂੰ ਬਾਕੀ ਭਾਰਤੀਆਂ ਵਾਂਗ ਅਕਾਲੀ ਵੀ ‘ਅੱਤਵਾਦੀ’ ਕਹਿੰਦੇ ਨੇ। ਸੋ ਭਵਿੱਖ ਵਿੱਚ ਵੀ ਇਹੀ ਕੁਝ ਚੱਲਣਾ ਹੈ। ਜਿਹੜਾ ਵੀ ਸਿੱਖ ਮੈਦਾਨ ਵਿੱਚ ਆਵੇਗਾ ਉਸ ਨੂੰ ਹਰਾਉਣ ਤੇ ਹੰਭਾਉਣ ਲਈ ਕਾਮਰੇਡ, ਅਖੌਤੀ ਅਕਾਲੀ ਤੇ ਅਖੌਤੀ ਸਾਧ ਬਾਬੇ ਤੇ ਹੋਰ ਨਿਕ-ਸੁੱਕ ਕੂੜ ਪ੍ਰਚਾਰ ਕਰਨਗੇ। ਇਹਨਾਂ ਨੇ ਇਹੀ ਕਹਿਣਾ ਕਿ ਹਿੰਦੂ ਅਤੇ ਹਿੰਦੋਸਤਾਨ ਸਾਮ੍ਹਣੇ ਸਾਡੀ ਕੋਈ ਸੁਣਵਾਈ ਨਹੀਂ ਪਰ ਅਸੀਂ ਆਪ ਕੁਝ ਕਰਨਾ ਨਹੀਂ ਤੇ ਜਿਹੜੇ ਕੁਝ ਕਰਨ ਜੋਗੇ ਨੇ ਉਹਨਾਂ ਨੂੰ ਭੰਡੀ ਜਾਣਾ ਹੈ ਤੇ ਸਿੱਖਾਂ ਦੀ ਛਿਤਰੌਲ ਵਾਲ਼ੀ ਗ਼ੁਲਾਮੀ ਦੀ ਉਮਰ ਲੰਮੀ ਕਰੀ ਜਾਣੀ ਹੈ। ਇਸ ਗਧੀ-ਗੇੜ ਵਿੱਚ ਫਸੇ ਸਿੱਖ ਕਿਵੇਂ ਨਿਕਲ਼ਣਗੇ ਜਦ ਕਿ ਦੁਸ਼ਮਣ ਨਾਲ਼ ਲੜਨ ਨਾਲ਼ੋਂ ਪਹਿਲਾਂ ਤਾਂ ਇਹ ਲੋਕ ਸਿੱਖ ਕੌਮ ਨੂੰ ਹੀ ਜੁਝਾਰੂਆਂ ਖ਼ਿਲਾਫ਼ ਭੜਕਾਈ ਜਾਂਦੇ ਨੇ। ਪਰ ਹਾਲਾਤ ਜੋ ਮਰਜ਼ੀ ਹੋਣ, ਲੜਾਈ ਤਾਂ ਲੜਨੀ ਹੀ ਪੈਣੀ ਹੈ।

## ਸਾਹਿਤ ਅਤੇ ਸਾਹਿਤਕਾਰ: ਸਮਾਜਿਕ ਚੇਤਨਾ ਦੇ ਅਸਲ ਰਹਿਬਰ

ਵਰਲਡ ਪੰਜਾਬੀ ਟਾਈਮਜ਼
ਰਵਨਜੋਤ ਕੌਰ ਸਿੱਧੂ ‘ ਰਾਵੀ ‘

ਅੱਜ ਦੇ ਭੌਤਿਕਵਾਦੀ ਯੁੱਗ ਵਿੱਚ, ਜਿੱਥੇ ਮਨੁੱਖੀ ਰਿਸ਼ਤੇ ਅਤੇ ਨੈਤਿਕ ਕਦਰਾਂ-ਕੀਮਤਾਂ ਲਗਾਤਾਰ ਨਿਘਾਰ ਵੱਲ ਜਾ ਰਹੀਆਂ ਹਨ, ਉੱਥੇ ਇਹ ਸਵਾਲ ਬਹੁਤ ਅਹਿਮ ਹੋ ਗਿਆ ਹੈ ਕਿ ਸਮਾਜ ਦੀ ਡੋਲਦੀ ਹੋਈ ਮਾਨਸਿਕਤਾ ਨੂੰ ਕੌਣ ਸੰਭਾਲੇਗਾ? ਕਿਸੇ ਵੀ ਸਮਾਜ ਦੀ ਤਰੱਕੀ ਦਾ ਮਿਆਰ ਉਸ ਦੀਆਂ ਸੜਕਾਂ ਜਾਂ ਇਮਾਰਤਾਂ ਨਹੀਂ, ਸਗੋਂ ਉਸ ਦੇ ਨਾਗਰਿਕਾਂ ਦੀ ਸੋਚ ਹੁੰਦੀ ਹੈ। ਇਸ ਸੋਚ ਨੂੰ ਮਿਆਰੀ ਬਣਾਉਣ ਅਤੇ ਲੋਕਾਂ ਦੀ ਚੇਤਨਾ ਨੂੰ ਉੱਚਾ ਚੁੱਕਣ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਸਾਹਿਤ ਅਤੇ ਸਾਹਿਤਕਾਰਾਂ ਦੇ ਮੋਢਿਆਂ ‘ਤੇ ਹੁੰਦੀ ਹੈ।

ਸਾਹਿਤ ਨੂੰ ਸਮਾਜ ਦਾ ਦਰਪਣ ਮੰਨਿਆ ਜਾਂਦਾ ਹੈ। ਪਰ ਸਾਹਿਤ ਦਾ ਕੰਮ ਸਿਰਫ਼ ਸਮਾਜ ਨੂੰ ਸ਼ੀਸ਼ਾ ਦਿਖਾਉਣਾ ਹੀ ਨਹੀਂ, ਸਗੋਂ ਉਸ ਵਿੱਚ ਸੁਧਾਰ ਦੀ ਲਹਿਰ ਪੈਦਾ ਕਰਨਾ ਵੀ ਹੈ। ਜਦੋਂ ਇੱਕ ਸਾਹਿਤਕਾਰ ਆਪਣੀ ਕਲਮ ਚੁੱਕਦਾ ਹੈ, ਤਾਂ ਉਹ ਸਿਰਫ਼ ਸ਼ਬਦ ਨਹੀਂ ਉੱਕਰਦਾ, ਸਗੋਂ ਉਹ ਸਮਾਜ ਦੀਆਂ ਬੁਰਾਈਆਂ ‘ਤੇ ਅਜਿਹਾ ਨਿਸ਼ਤਰ ਚਲਾਉਂਦਾ ਹੈ ਜੋ ਲੋਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੰਦਾ ਹੈ। ਸਾਹਿਤ ਮਨੁੱਖ ਨੂੰ ਪਸ਼ੂ-ਬਿਰਤੀ ਤੋਂ ਮੁਕਤ ਕਰਕੇ ਸੰਵੇਦਨਸ਼ੀਲ ਇਨਸਾਨ ਬਣਾਉਣ ਦੀ ਪ੍ਰਕਿਰਿਆ ਹੈ।

ਇਤਿਹਾਸ ਗਵਾਹ ਹੈ ਕਿ ਦੁਨੀਆ ਵਿੱਚ ਜਿੰਨੀਆਂ ਵੀ ਵੱਡੀਆਂ ਕ੍ਰਾਂਤੀਆਂ ਆਈਆਂ, ਉਨ੍ਹਾਂ ਦੀ ਨੀਂਹ ਕਿਸੇ ਨਾ ਕਿਸੇ ਲਿਖਤ ਨੇ ਹੀ ਰੱਖੀ ਸੀ। ਚਾਹੇ ਉਹ ਰੂਸੀ ਕ੍ਰਾਂਤੀ ਹੋਵੇ ਜਾਂ ਭਾਰਤ ਦਾ ਆਜ਼ਾਦੀ ਸੰਗਰਾਮ, ਸਾਹਿਤਕਾਰਾਂ ਨੇ ਆਪਣੀਆਂ ਲਿਖਤਾਂ ਰਾਹੀਂ ਲੋਕਾਂ ਦੀ ਸੋਚ ਵਿੱਚੋਂ ਗੁਲਾਮੀ ਦੀ ਅੰਸ਼ ਨੂੰ ਕੱਢ ਕੇ ਆਜ਼ਾਦੀ ਦਾ ਜਜ਼ਬਾ ਭਰਿਆ। ਅੱਜ ਵੀ, ਜਦੋਂ ਸਮਾਜ ਅੰਧ-ਵਿਸ਼ਵਾਸਾਂ, ਜਾਤ-ਪਾਤ ਅਤੇ ਫ਼ਿਰਕਾਪ੍ਰਸਤੀ ਦੀ ਮਾਨਸਿਕ ਗੁਲਾਮੀ ਵਿੱਚ ਜਕੜਿਆ ਹੋਇਆ ਹੈ, ਤਾਂ ਸਾਹਿਤਕਾਰ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੀ ਕਲਮ ਰਾਹੀਂ ਇਨ੍ਹਾਂ ਜ਼ੰਜੀਰਾਂ ਨੂੰ ਤੋੜੇ।

ਇੱਕ ਸੱਚਾ ਸਾਹਿਤਕਾਰ ਉਹ ਹੈ ਜੋ ਸਮੇਂ ਦੀ ਹਕੂਮਤ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਸੱਚ ਬੋਲਣ ਦਾ ਹੌਸਲਾ ਰੱਖਦਾ ਹੋਵੇ। ਸਾਹਿਤਕਾਰ ਕੋਈ ਵਪਾਰੀ ਨਹੀਂ ਹੁੰਦਾ ਜੋ ਸਿਰਫ਼ ਮਨੋਰੰਜਨ ਲਈ ਲਿਖੇ। ਉਸ ਦੀ ਲਿਖਤ ਵਿੱਚ ਸਮਾਜਿਕ ਸਰੋਕਾਰ ਹੋਣੇ ਲਾਜ਼ਮੀ ਹਨ। ਜੇਕਰ ਸਾਹਿਤਕਾਰ ਸਮਾਜ ਵਿੱਚ ਫੈਲੀਆਂ ਕੁਰੀਤੀਆਂ, ਜਿਵੇਂ ਨਸ਼ਾਖੋਰੀ, ਭ੍ਰਿਸ਼ਟਾਚਾਰ ਅਤੇ ਨੈਤਿਕ ਪਤਨ ਵਿਰੁੱਧ ਨਹੀਂ ਲਿਖਦਾ, ਤਾਂ ਉਹ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਿਹਾ ਹੈ। ਲੋਕਾਂ ਦੀ ਸੋਚ ਦਾ ਮਿਆਰ ਉਦੋਂ ਹੀ ਉੱਚਾ ਹੋਵੇਗਾ ਜਦੋਂ ਉਨ੍ਹਾਂ ਨੂੰ ਅਜਿਹਾ ਸਾਹਿਤ ਪੜ੍ਹਨ ਨੂੰ ਮਿਲੇਗਾ ਜੋ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਕਰੇ ਅਤੇ ਉਨ੍ਹਾਂ ਨੂੰ ਇੱਕ ਬਿਹਤਰ ਇਨਸਾਨ ਬਣਨ ਲਈ ਪ੍ਰੇਰਿਤ ਕਰੇ।

ਅੱਜ ਸੋਸ਼ਲ ਮੀਡੀਆ ਦੇ ਦੌਰ ਵਿੱਚ ਸਸਤੇ ਸਾਹਿਤ ਅਤੇ ਪੜ੍ਹਨ ਦੀ ਘਟਦੀ ਰੁਚੀ ਨੇ ਇੱਕ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਅੱਜ ਦੀ ਪੀੜ੍ਹੀ ਗੰਭੀਰ ਸਾਹਿਤ ਨਾਲੋਂ ਟੁੱਟ ਰਹੀ ਹੈ। ਅਜਿਹੇ ਸਮੇਂ ਵਿੱਚ ਸਾਹਿਤਕਾਰਾਂ ਨੂੰ ਨਵੇਂ ਰੂਪਾਂ ਅਤੇ ਨਵੇਂ ਮਾਧਿਅਮਾਂ ਰਾਹੀਂ ਲੋਕਾਂ ਤੱਕ ਪਹੁੰਚਣ ਦੀ ਲੋੜ ਹੈ। ਸਾਹਿਤ ਨੂੰ ਕਿਤਾਬਾਂ ਦੀਆਂ ਅਲਮਾਰੀਆਂ ਵਿੱਚੋਂ ਕੱਢ ਕੇ ਲੋਕਾਂ ਦੇ ਦਿਲਾਂ ਤੱਕ ਪਹੁੰਚਾਉਣਾ ਹੋਵੇਗਾ।

ਸੰਖੇਪ ਵਿੱਚ, ਸਾਹਿਤਕਾਰ ਉਹ ਰੋਸ਼ਨੀ ਹੈ ਜੋ ਹਨੇਰੇ ਰਾਹਾਂ ਵਿੱਚ ਸਮਾਜ ਦਾ ਮਾਰਗਦਰਸ਼ਨ ਕਰਦੀ ਹੈ। ਜੇਕਰ ਸਾਹਿਤਕਾਰ ਨਿਰਪੱਖ ਹੋ ਕੇ, ਸੱਚਾਈ ਅਤੇ ਮਨੁੱਖਤਾ ਦੇ ਪੱਖ ਵਿੱਚ ਖੜ੍ਹ ਕੇ ਲਿਖਦਾ ਹੈ, ਤਾਂ ਲੋਕਾਂ ਦੀ ਸੋਚ ਦਾ ਮਿਆਰ ਆਪਣੇ-ਆਪ ਉੱਚਾ ਹੁੰਦਾ ਜਾਵੇਗਾ। ਇੱਕ ਪੜ੍ਹਿਆ-ਲਿਖਿਆ ਅਤੇ ਸਾਹਿਤਕ ਰੁਚੀਆਂ ਵਾਲਾ ਸਮਾਜ ਹੀ ਇੱਕ ਸਿਹਤਮੰਦ ਰਾਸ਼ਟਰ ਦੀ ਸਿਰਜਣਾ ਕਰ ਸਕਦਾ ਹੈ। ਕਲਮ ਦੀ ਤਾਕਤ ਨੂੰ ਪਛਾਣਨਾ ਅਤੇ ਇਸ ਦੀ ਵਰਤੋਂ ਸਮਾਜ ਦੇ ਭਲੇ ਲਈ ਕਰਨਾ ਹੀ ਹਰ ਸਾਹਿਤਕਾਰ ਦਾ ਪਰਮ ਧਰਮ ਹੈ।

## ਜ਼ਬਾਨ ਦਾ ਜ਼ਖ਼ਮ ਤਲਵਾਰ ਤੋਂ ਗਹਿਰਾ ਹੁੰਦਾ ਹੈ

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਜ਼ਬਾਨ ਇੱਕ ਅਜਿਹਾ ਹਥਿਆਰ ਹੈ ਜੋ ਸਾਡੇ ਦਿਲ ਅਤੇ ਦਿਮਾਗ ਨੂੰ ਦੁਖੀ ਕਰ ਸਕਦਾ ਹੈ। ਇੱਕ ਤਲਵਾਰ ਦਾ ਜ਼ਖ਼ਮ ਸਰੀਰ ‘ਤੇ ਲੱਗਦਾ ਹੈ, ਪਰ ਜ਼ਬਾਨ ਦਾ ਜ਼ਖ਼ਮ ਦਿਲ ‘ਤੇ ਲੱਗਦਾ ਹੈ। ਇਹ ਜ਼ਖ਼ਮ ਕਈ ਵਾਰ ਤਲਵਾਰ ਦੇ ਜ਼ਖ਼ਮ ਤੋਂ ਵੀ ਗਹਿਰਾ ਹੁੰਦਾ ਹੈ।

ਜ਼ਬਾਨ ਦੇ ਜ਼ਖ਼ਮ ਦੀ ਇੱਕ ਵਿਸ਼ੇਸ਼ਤਾ ਇਹ ਹੈ ਕਿ ਇਹ ਅਦਿੱਖ ਹੁੰਦਾ ਹੈ। ਕਿਸੇ ਨੂੰ ਇਹ ਨਹੀਂ ਪਤਾ ਲੱਗਦਾ ਕਿ ਕਿਸੇ ਦੇ ਦਿਲ ‘ਤੇ ਕਿੰਨਾ ਡੂੰਘਾ ਜ਼ਖ਼ਮ ਲੱਗਾ ਹੈ। ਇਹ ਜ਼ਖ਼ਮ ਕਈ ਵਾਰ ਸਾਲਾਂ ਤੱਕ ਰਹਿੰਦਾ ਹੈ, ਅਤੇ ਇਸ ਨੂੰ ਭੁੱਲਣਾ ਬਹੁਤ ਮੁਸ਼ਕਲ ਹੁੰਦਾ ਹੈ।

ਜ਼ਬਾਨ ਦੇ ਜ਼ਖ਼ਮ ਦਾ ਇੱਕ ਹੋਰ ਪਹਿਲੂ ਇਹ ਹੈ ਕਿ ਇਹ ਕਈ ਵਾਰ ਸਥਾਈ ਹੁੰਦਾ ਹੈ। ਇੱਕ ਵਾਰ ਜ਼ਬਾਨ ਤੋਂ ਨਿਕਲੇ ਸ਼ਬਦ ਕਦੇ ਵਾਪਸ ਨਹੀਂ ਲੇ ਜਾ ਸਕਦੇ। ਇਹ ਸ਼ਬਦ ਦੂਜੇ ਦੇ ਦਿਲ ‘ਤੇ ਇੱਕ ਅਮਪ੍ਰਿੰਟ ਛੱਡ ਜਾਂਦੇ ਹਨ, ਜੋ ਕਦੇ ਨਹੀਂ ਜਾਂਦਾ।

ਜ਼ਬਾਨ ਦੇ ਜ਼ਖ਼ਮ ਤੋਂ ਬਚਣ ਲਈ, ਸਾਨੂੰ ਆਪਣੇ ਸ਼ਬਦਾਂ ਦਾ ਚੋਣ ਕਰਨਾ ਚਾਹੀਦਾ ਹੈ। ਸਾਨੂੰ ਦੂਜਿਆਂ ਨਾਲ ਗੱਲ ਕਰਦੇ ਸਮੇਂ ਸੋਚ-ਸਮਝ ਕੇ ਬੋਲਣਾ ਚਾਹੀਦਾ ਹੈ। ਸਾਨੂੰ ਦੂਜਿਆਂ ਦੇ ਦਿਲਾਂ ਨੂੰ ਦੁਖੀ ਨਹੀਂ ਕਰਨਾ ਚਾਹੀਦਾ, ਕਿਉਂਕਿ ਜ਼ਬਾਨ ਦਾ ਜ਼ਖ਼ਮ ਤਲਵਾਰ ਤੋਂ ਗਹਿਰਾ ਹੁੰਦਾ ਹੈ।

ਸਿੱਟਾ

ਜ਼ਬਾਨ ਦਾ ਜ਼ਖ਼ਮ ਇੱਕ ਅਜਿਹਾ ਜ਼ਖ਼ਮ ਹੈ ਜੋ ਦਿਲ ‘ਤੇ ਲੱਗਦਾ ਹੈ। ਇਹ ਜ਼ਖ਼ਮ ਕਈ ਵਾਰ ਤਲਵਾਰ ਦੇ ਜ਼ਖ਼ਮ ਤੋਂ ਵੀ ਗਹਿਰਾ ਹੁੰਦਾ ਹੈ। ਇਸ ਤੋਂ ਬਚਣ ਲਈ, ਸਾਨੂੰ ਆਪਣੇ ਸ਼ਬਦਾਂ ਦਾ ਚੋਣ ਕਰਨਾ ਚਾਹੀਦਾ ਹੈ ਅਤੇ ਦੂਜਿਆਂ ਦੇ ਦਿਲਾਂ ਨੂੰ ਦੁਖੀ ਨਹੀਂ ਕਰਨਾ ਚਾਹੀਦਾ।